*International Journal of Information Movement* *Vol. 8 Issue XI (March, 2024)*
*Website: www.ijim.in* *ISSN: 2456-0553 (online)* **Pages 66-70**

# ਅਮਨਪਾਲ ਸਾਰਾ ਦੀਆਂ ਕਹਾਣੀਆਂ ਦਾ ਸਭਿਆਚਾਰਕ ਅਤੇ ਰਾਜਨੀਤਕ ਆਧਾਰ

**ਰਿਤੇਸ਼ ਸ਼ਰਮਾ**
ਰਿਸਰਚ ਸਕੋਲਰ
ਪੰਜਾਬੀ ਵਿਭਾਗ
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ।
Email-id: riteshattri90@gmail.com

**ਅਬਸਟ੍ਰੈਕਟ :** ਪਰਵਾਸੀ ਪੰਜਾਬੀ ਗਲਪ ਸਾਹਿਤ ਵਿਚ ਅਮਨਪਾਲ ਸਾਰਾ ਇਕ ਵਿਲੱਖਣ ਹਸਤਾਖਰ ਹੈ। ਯਥਾਰਥਕ ਪੱਧਰ 'ਤੇ ਮਨੁੱਖੀ ਰਿਸ਼ਤਿਆਂ ਵਿਚਲੀ ਸੰਵੇਦਨਸ਼ੀਲਤਾ ਦੀ ਸਹਿਜ ਪੇਸ਼ਕਾਰੀ ਕਰਨ ਦੀ ਕਮਾਲੀਅਤ ਅਮਨਪਾਲ ਸਾਰਾ ਕੋਲ ਹੀ ਹੈ। ਆਪਣੇ ਕਹਾਣੀ ਸੰਗ੍ਰਹਿ ਵਿਚ ਕਹਾਣੀਆਂ ਦੀ ਗਿਣਤੀ ਸੀਮਤ ਰੱਖਣ ਦੇ ਬਾਵਜੂਦ ਕੋਈ ਮਾਨਵਤਾ ਦੇ ਕੁਹਜ ਤੇ ਸੁਹਜ ਨੂੰ ਚਿੱਤਰਨ ਵਿਚ ਸਾਰਾ ਇਕ ਕਹਾਣੀਕਾਰ ਦੇ ਤੌਰ 'ਤੇ ਕੋਈ ਢਿੱਲ੍ਹਮੱਠ ਨਹੀਂ ਦਿਖਾਉਂਦਾ। ਪੱਛਮੀ ਸਭਿਆਚਾਰਕ ਕਦਰ੍ਹਾਂਕੀਮਤਾਂ ਵਿੱਚ ਰੰਗੀ ਪਰਵਾਸੀਆਂ ਦੀ ਨਵੀਂ ਪੀੜ੍ਹੀ ਬਜ਼ੁਰਗਾਂ ਦਾ ਸਤਿਕਾਰ ਨਹੀਂ ਕਰਦੀ। ਉਹਨਾਂ ਦੇ ਆਉਣ ਜਾਣ ਸਬੰਧੀ ਪੁੱਛਣ ਨੂੰ ਉਹ ਆਪਣੇ ਉੱਪਰ ਲੱਗਿਆਂ ਬੰਦਿਸ਼ਾਂ ਤੇ ਨਿੱਜੀ ਜੀਵਨ ਵਿਚ ਦਾਖਲ ਅੰਦਾਜੀ ਸਮਝਦੀ ਹੈ। ਪਰਵਾਸੀ ਮਾਪੇ ਬੱਚਿਆਂ ਅੰਦਰ ਰਿਸ਼ਤਿਆਂ ਦੀ ਅਹਿਮੀਅਤ ਤੇ ਸਤਿਕਾਰ ਪੈਦਾ ਕਰਨ ਲਈ ਨਵੀਂ ਤੇ ਪੁਰਾਣੀ ਪੀੜ੍ਹੀ ਵਿਚਕਾਰ ਸਾਂਝ ਸਥਾਪਿਤ ਕਰਨ ਲਈ ਯਤਨਸ਼ੀਲ ਰਹਿੰਦੇ ਹਨ ਜਦੋਂ ਕਿ ਨਵੀਂ ਪੀੜ੍ਹੀ ਹਮੇਸ਼ਾ ਬਜ਼ੁਰਗਾਂ ਕੋਲੋਂ ਫਾਸਲਾ ਬਣਾਈ ਰੱਖਦੀ ਹੈ।

**ਮੁੱਖ ਸ਼ਬਦ :** ਰਾਜਨੀਤਕ , ਸਭਿਆਚਾਰਕ , ਕਦਰ੍ਹਾਂਕੀਮਤਾਂ, ਮਾਨਸਿਕਤਾ, ਵਿਲੱਖਣ।

ਅਮਨਪਾਲ ਸਾਰਾ ਕੈਨੇਡਾ ਦੀ ਪੰਜਾਬੀ ਕਹਾਣੀ ਵਿਚ ਇਕ ਜਾਣਿਆ-ਪਛਾਣਿਆ ਨਾਂ ਹੈ ਜਿਸ ਨੇ ਆਪਣੀ ਕਲਾਤਮਿਕ ਪ੍ਰਤਿਭਾ ਰਾਹੀਂ ਅਨੇਕਾਂ ਪ੍ਰਤੀਨਿਧ ਕਹਾਣੀਆਂ ਦੀ ਸਿਰਜਣਾ ਕੀਤੀ ਹੈ। ਉਹ ਕਹਾਣੀਆਂ ਦੇ ਮਾਧਿਅਮ ਰਾਹੀਂ ਕੈਨੇਡਾ ਅਤੇ ਪੰਜਾਬੀ ਜੀਵਨ ਵਿਚ ਵਾਪਰਦੀਆਂ ਤਬਦੀਲੀਆਂ ਸਦਕਾ ਪਰਿਵਰਤੀਤ ਹੁੰਦੇ ਰਿਸ਼ਤਿਆਂ ਨੂੰ ਬਿਆਨ ਕਰਦਾ ਹੈ। ਉਹ ਉਚੇਰੀ ਸਿੱਖਿਆ ਹਾਸਿਲ ਕਰਨ ਲਈ ਕੈਨੇਡਾ ਗਿਆ ਅਤੇ ਫੇਰ ਵਾਪਿਸ ਪਰਤ ਆਇਆ। ਵਿਆਹ ਉਪਰੰਤ ਉਹ ਕੈਨੇਡਾ ਜਾਂ ਵਸਿਆ ਜਿਥੇ ਉਹ ਡਰਾਈਵਰੀ ਦੇ ਕਿੱਤੇ ਦੇ ਨਾਲ-ਨਾਲ ਸਾਹਿਤ ਲਿਖਣ ਦਾ ਕਾਰਜ ਵੀ ਕਰਦਾ ਹੈ।

ਸਾਰਾ ਸਹਿਤਕਾਰ ਹੋਣ ਤੋਂ ਇਲਾਵਾ ਇਕ ਵਧੀਆ ਅਦਾਕਾਰ ਵੀ ਹੈ। ਉਹ ਪਿਛਲੇ ਦੋ ਦਹਾਕਿਆਂ ਤੋਂ ਕੈਨੇਡਾ ਵਿਚ ਨਾਟਕ, ਫਿਲਮਾਂ ਤੇ ਟੀ.ਵੀ ਪ੍ਰੋਗਰਾਮਾਂ ਵਿਚ ਕਾਫੀ ਸਰਗਰਮ ਹੈ ਪਰ ਉਹ ਇਸ ਖੇਤਰ ਵਿਚ ਵਧੇਰੇ ਮਕਬੂਲ ਨਾ ਹੋਇਆ। ਪਰ ਲੇਖਕ ਦੀ ਤਰ੍ਹਾਂ ਸਾਰਾ ਵੀ ਪਹਿਲਾਂ ਆਪਣਾ ਕਾਵਿ ਸੰਗ੍ਰਹਿ 'ਦੋ ਮਾਂਵਾਂ ਦਾ ਪੁੱਤਰ' ਛਪਵਾਉਂਦਾ ਹੈ। ਜਿਸ ਉਪਰੰਤ ਉਹ ਕਹਾਣੀ ਸਿਰਜਣਾ ਵੱਲ ਰੁਚਿਤ ਹੁੰਦਾ ਹੈ। ਇਸ ਉਪਰੰਤ ਉਹ ਪਰਵਾਸੀ ਪੰਜਾਬੀ ਕਹਾਣੀ ਜਗਤ ਵਿਚ ਇਕ ਕਹਾਣੀਕਾਰ ਵਜੋਂ

ਸਥਾਪਿਤ ਹੋ ਚੁੱਕਾ ਹੈ। ਉਸ ਦੇ ਹੁਣ ਤੱਕ ਤਿੰਨ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ ਸਰਦ ਰਿਸ਼ਤੇ(1993), ਵੀਹਾਂ ਦਾ ਨੋਟ(2000), ਡਾਇਮੰਡ ਰਿੰਗ (2006)।

ਸਾਰਾ ਦੇ ਡਰਾਇਵਰੀ ਕਿੱਤੇ ਨਾਲ ਸੰਬੰਧਿਤ ਹੋਣ ਕਾਰਨ ਉਸਦੇ ਸੰਪਰਕ ਵਿੱਚ ਰੋਜ਼ਾਨਾ ਨਵੀਂ ਕਿਸਮ ਦੇ ਲੋਕ ਆਉਂਦੇ ਰਹਿੰਦੇ ਹਨ। ਉਹ ਆਪਣੇ ਨਿੱਜੀ ਅਨੁਭਵ ਨੂੰ ਆਪਣੀ ਕਲਾਤਮਿਕ ਪ੍ਰਤਿਭਾ ਦੁਆਰਾ ਉਸ ਨੂੰ ਗਲਪੀ ਬਿਰਤਾਂਤ ਵਿੱਚ ਢਾਲ ਲੈਂਦਾ ਹੈ। ਉਸਦੇ ਪਹਿਲੇ ਕਹਾਣੀ ਸੰਗ੍ਰਹਿ 'ਸਰਦ ਰਿਸ਼ਤੇ' ਦੀਆਂ ਵਧੇਰੇ ਕਹਾਣੀਆਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਉਸ ਦੇ ਡਰਾਇਵਰੀ ਦੇ ਕਿਤੇ ਨਾਲ ਜੁੜੀਆਂ ਹੋਈਆਂ ਹਨ। ਉਸ ਦੀਆਂ ਕਹਾਣੀਆਂ ਪੱਛਮੀ ਸਮਾਜ ਦੇ ਪਰਿਵਰਤਿਤ ਹੁੰਦੇ ਰਿਸ਼ਤਿਆਂ ਨੂੰ ਬਾਖ਼ੂਬੀ ਪ੍ਰਗਟਾਉਂਦੀਆਂ ਹਨ। ਇਨ੍ਹਾਂ ਰਿਸ਼ਤਿਆਂ ਸਬੰਧੀ ਸਾਰਾ ਇਸ ਦੇ ਮੁੱਖ ਬੰਦ ਵਿੱਚ ਆਖਦਾ ਹੈ:

"ਸਨਅਤ ਵਿਕਾਸ ਨੇ ਮਨੁੱਖੀ ਜ਼ਿੰਦਗੀ ਦਾ ਮਸ਼ੀਨੀਕਰਨ ਕਰ ਦਿੱਤਾ ਹੈ। ਜਿਸਦਾ ਅਸਰ ਇਨਸਾਨਾਂ ਦੇ ਆਪਸੀ ਰਿਸ਼ਤਿਆਂ ਉੱਪਰ ਪੈਣਾ ਭੀ ਲਾਜ਼ਮੀ ਹੈ। ਇਸ ਅਸਰ ਦੀ ਦਰ ਸਨਅਤ ਦੇ ਵਿਕਾਸ ਦੀ ਦਰ ਨਾਲ ਸਿੱਧੇ ਅਨੁਪਾਤ ਵਿਚ ਜਾਪਦੀ ਹੈ"।1

ਕਥਾਕਾਰ ਪਰਿਵਾਰ ਤੇ ਸਮਾਜਿਕ ਰਿਸ਼ਤਿਆਂ ਵਿਚਲੀ ਤਬਦੀਲੀ ਨੂੰ ਪਕੜਨ ਵਿਚ ਵਧੇਰੇ ਚੇਤਨ ਹੈ। ਉਹ ਆਪਣੀਆਂ ਕਹਾਣੀਆਂ ਵਿਚ ਮਾਨਵੀ ਰਿਸ਼ਤਿਆਂ ਦੇ ਬਦਲਦੇ ਸਮੀਕਰਨ ਨੂੰ ਬੜੀ ਸ਼ਿੱਦਤ ਨਾਲ ਉਭਾਰਦਾ ਹੈ। ਸਮਕਾਲੀ ਮਨੁੱਖ ਅੰਦਰ ਪੈਦਾ ਹੋਈ ਨਿੱਜੀ ਜਾਇਦਾਦ ਦੀ ਲਾਲਸਾ ਕਾਰਨ ਉਹ ਲਹੂ ਦੇ ਰਿਸ਼ਤਿਆਂ ਪ੍ਰਤੀ ਧੋਖਾ, ਬੇਈਮਾਨੀ ਤੇ ਕਤਲ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ। ਜਿਨ੍ਹਾਂ ਦੀ ਪੂਰਤੀ ਹਿੱਤ ਅਜੋਕਾ ਮਨੁੱਖ ਕਿਸੇ ਵੀ ਹੱਦ ਤੱਕ ਗੁਜ਼ਰ ਸਕਦਾ ਹੈ। ਦੂਸਰਾ ਉਹ ਪਰਵਾਸੀ ਪੰਜਾਬੀ ਮਨੁੱਖ ਅੰਦਰਲੀ ਜਾਤੀ ਹਉਮੈ 'ਤੇ ਵਿਅੰਗ ਕਰਦਾ ਹੈ। ਜਿਸ ਕਾਰਨ ਉਹ ਆਪਣੇ ਵਤਨ ਦੇ ਨਿਯਮ ਨਿਮਨ ਜਾਤੀ ਵਿਅਕਤੀ ਨਾਲ ਆਪਣੇ ਬੱਚਿਆਂ ਦਾ ਰਿਸ਼ਤਾ ਜੋੜਨਾ ਉਚਿਤ ਨਹੀਂ ਸਮਝਦਾ। ਇਸ ਬਹੁ-ਸਭਿਆਚਾਰੀ ਦੇਸ਼ਾਂ ਵਿੱਚ ਜਿਥੇ ਪਰਵਾਸੀ ਪੰਜਾਬੀ ਆਪਣੇ ਸਭਿਆਚਾਰ ਨੂੰ ਸਰਵੋਤਮ ਮੰਦੇ ਹੋਏ ਉਥੋਂ ਦੇ ਮੂਲ ਵਾਸੀਆਂ ਨਾਲ ਰਿਸ਼ਤੇ ਸਿਰਜਣੋਂ ਕਿਨਾਰਾਕਸ਼ੀ ਕਰਦੇ ਹਨ ਉਥੇ ਦੂਸਰੇ ਪਾਸੇ ਉਹ ਅਜਿਹੇ ਪਰਵਾਸੀ ਪੰਜਾਬੀਆਂ ਨੂੰ ਵੀ ਦ੍ਰਿਸ਼ਟੀਗੋਚਰ ਕਰਦਾ ਹੈ ਜਿਹੜੇ ਮੂਲ ਵਾਸੀਆਂ ਨਾਲ ਰਿਸ਼ਤੇ ਸਿਰਜਦੇ ਹੋਏ ਸਫਲ ਜੀਵਨ ਜਿਉਂ ਰਹੇ ਹਨ।

ਉਹ ਪੱਛਮੀ ਸਭਿਆਚਾਰ ਵਿਚ ਪ੍ਰਚੱਲਿਤ ਰਿਸ਼ਤਿਆਂ ਦੀਆਂ ਨਵੀਆਂ ਸਮੀਕਰਨਾਂ ਵੀ ਸਿਰਜਦਾ ਹੈ। ਪ੍ਰੇਮੀ-ਪ੍ਰੇਮੀਕਾ ਦੇ ਰਿਸ਼ਤੇ ਵਿਚ ਆਰਥਿਕ ਮੰਦਹਾਲੀ ਕਾਰਨ ਆਏ ਪਰਿਵਰਤਨ ਨੂੰ ਪ੍ਰਗਟਾਉਂਦਾ ਹੈ। ਜਿਸ ਤੋਂ ਇਲਾਵਾ ਪਰਵਾਸੀ ਪੰਜਾਬੀ ਔਰਤ ਦੀ ਤ੍ਰਾਸਦਿਕ ਸਥਿਤੀ, ਬਜ਼ੁਰਗਾਂ ਦੀ ਦੁਰਦਸ਼ਾ, ਪੀੜ੍ਹੀ ਪਾੜੇ ਦੀ ਸਮੱਸਿਆ, ਨਸਲੀ ਵਿਤਕਰੇ, ਸਭਿਆਚਾਰਕ ਵਖਰੇਵਾਂ ਆਦਿ ਨੂੰ ਆਪਣੇ ਰਚਨਾ ਜਗਤ ਰਾਹੀ ਉਭਾਰਦਾ ਹੈ। ਉਹ ਪੱਛਮੀ ਸਭਿਆਚਾਰ ਦੇ ਨਕਾਰਾਤਮਿਕ ਪਹਿਲੂਆਂ ਨੂੰ ਦਰਸਾਉਣ ਦੇ ਨਾਲ-ਨਾਲ ਪੱਛਮੀ ਸਮਾਜ ਦੇ ਚੰਗੇ ਨੈਤਿਕ ਮੁੱਲ ਵਿਧਾਨਾਂ ਨੂੰ ਵੀ ਉਘਾੜਦਾ ਹੈ। ਸਾਰਾ ਦੀਆਂ 'ਵੀਹਾਂ ਦਾ ਨੋਟ', 'ਕਿੱਲੇ ਬੰਞੀ ਗਾਂ', 'ਬੈਂਕਰਪਟ ', 'ਇਕ ਵੀਰ ਦਈਂ ਵੇ ਰੱਬਾ', 'ਰੂਹ ਦੀ ਸਾਂਝਾ', 'ਡਾਇਮੰਡ ਰਿੰਗ' ਆਦਿ ਕਹਾਣੀਆਂ ਅਜਿਹੇ ਪਰਿਵਰਤਨ ਨੂੰ ਬਾਖ਼ੂਬੀ ਚਿਤਰਦੀਆਂ ਹਨ।

ਡਾਇਮੰਡ ਰਿੰਗ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਗੁਡ ਡੀਅਲ' ਵਿਚ ਗੁਰਨਾਮ ਪਾਤਰ ਸੋਚਦਾ ਹੈ ਕਿ ਗੇਜੂ ਦਾ ਪਿਓ ਸਾਧੂ ਸਿੰਘ ਜੇਕਰ ਕਨੇਡਾ ਦੀ ਬਜਾਏ ਆਪਣੇ ਪਿੰਡ ਰਹਿੰਦਾ ਤਾਂ ਉਹ ਦੋ ਕੁ ਸਾਲ ਹੋਰ ਜਿਉਂਦਾ ਰਹਿ ਸਕਦਾ ਸੀ। ਗੇਜੂ ਦੀ

ਮਾਨਸਿਕਤਾ ਵਿੱਚ ਪਿਉ ਦੀ ਤ੍ਰਾਸਦਿਕ ਹਾਲਤ ਵੱਲ ਵਧੇਰੇ ਧਿਆਨ ਨਾ ਦੇ ਕੇ ਹਰ ਸਮੇਂ ਪੈਸੇ ਬਣਾਉਣ ਦੀਆਂ ਜੁਗਤਾਂ ਘੜ੍ਹਨਾ ਇਕ ਲੰਮੀ ਕਹਾਣੀ ਦਾ ਫ਼ਲ ਹੈ। ਆਰੰਭਿਕ ਜੀਵਨ ਵਿਚ ਸਾਧੂ ਸਿੰਘ ਤੇ ਗੇਜੂ ਤੇ ਮਿਹਨਤੀ ਸੁਭਾ ਵਿੱਚ ਪੈਸੇ ਦੀ ਬਚਤ ਕਰਨ ਦੀ ਆਦਤ ਉਹਨਾਂ ਦੇ ਸੁਭਾਅ ਵਿਚ ਸ਼ਾਮਿਲ ਹੋ ਜਾਂਦੀ ਹੈ ਜਿਹੜੀ ਸਮਾਂ ਬੀਤਣ ਤੇ ਸੂਮ-ਪੁਣੇ ਵਿਚ ਬਦਲ ਗਈ। ਗੇਜੂ ਦੀ ਮਾਂ ਦਾ ਇਲਾਜ, ਵਿਆਹੀ ਭੈਣ ਦੀਪੋ ਵੱਲੋਂ ਪੇਕੇ ਘਰ ਬੂਹਾ ਆ ਮੱਲਣਾ ਅਤੇ ਘਰ ਵਿਚਲੀ ਅੱਤ ਦੀ ਗਰੀਬੀ ਗੇਜੂ ਦੇ ਮਨ ਨੂੰ ਅਜਿਹਾ ਵਲੂੰਦਰਦੀ ਹੈ ਕਿ ਉਸਦੀ ਸਮੁੱਚੀ ਮਾਨਸਿਕਤਾ ਮਿਹਰਤੀ, ਉਦੱਮੀ, ਅਤੇ ਆਪਣੇ ਕੰਮ ਨਾਲ ਮਤਲਬ ਰੱਖਣ ਵਾਲੀ ਪ੍ਰਵਿਰਤੀ ਉਸਦੀ ਸ਼ਖਸੀਅਤ ਵਿਚ ਪਨਪਦੀ ਹੈ ਉਥੇ ਉਸਦਾ ਸਮੁੱਚੀ ਸੋਚ ਵੀ ਪਦਾਰਥਵਾਦੀ ਹੋ ਜਾਂਦੀ ਹੈ, ਜੋ ਉਮਰ ਦੇ ਨਾਲ ਚੰਗਾ ਪੈਸਾ ਹੋਣ ਦੇ ਬਾਵਜੂਦ ਘਟਦੀ ਨਹੀਂ ਸਗੋਂ ਨਿੱਤ-ਪ੍ਰਤੀਦਿਨ ਵੱਧਦੀ ਜਾਂਦੀ ਹੈ ਜਿਸਦੇ ਨਾਲ ਉਸਦੇ ਸਮੁੱਚੇ ਜੀਵਨ ਦਾ ਮਕਸਦ 'ਗੁਡ ਡੀਅਲ' ਬਣਕੇ ਰਹਿ ਜਾਂਦਾ ਹੈ। ਘਾਟੇ ਵਾਲਾ ਸੌਦਾ ਕਰਨ ਦੀ ਜਾਚ ਉਸਨੇ ਕਦੇ ਸਿੱਖੀ ਹੀ ਨਹੀਂ ਸੀ। ਬਜ਼ੁਰਗ ਸਾਧੂ ਸਿੰਘ ਦੀ ਸਾਂਭ-ਸੰਭਾਲ ਦਾ ਮਸਲਾ ਕਹਾਣੀ ਵਿੱਚ ਜਿਉਂ ਦਾ ਤਿਉਂ ਹੀ ਬਣਿਆ ਰਹਿੰਦਾ ਹੈ ਜਿਹੜਾ ਆਪਣੇ ਪੁੱਤਰ ਗੇਜੂ ਕੋਲ ਚੰਗੇ ਦਿਨ ਬਿਤਾਉਣ ਲਈ ਕਨੇਡਾ ਆਉਂਦਾ ਹੈ ਪਰ ਭਰੇ-ਭਕੁੰਨੇ ਪੰਜਾਬੀ ਸਮਾਜ ਅਤੇ ਭਾਈਚਾਰੇ ਤੋਂ ਟੁੱਟ ਕੇ ਕਨੇਡਾ ਵਿਚ ਆਪਣੇ ਪੁੱਤਰ ਦੀ ਬੇਸਮੈਂਟ ਵਿਚ ਕੈਦ ਹੋ ਕੇ ਰਹਿ ਜਾਂਦਾ ਹੈ। ਬੇਸਮੈਂਟ ਵਿਚਲੀ ਇੱਕਲਤਾ ਦਾ ਸੰਤਾਪ ਸਾਧੂ ਸਿੰਘ ਨੂੰ ਘੜੀ-ਮੁੜੀ ਪੰਜਾਬ ਪਰਤਣ ਵੱਲ ਪ੍ਰੇਰਿਤ ਕਰਦਾ ਹੈ ਪਰ ਉਸਦੀ ਇੱਛਾ ਨੂੰ ਉਸਦੀ ਨੂੰਹ ਕੈਲੀ ਬੂਰ ਨਹੀਂ ਪੈਣ ਦਿੰਦੀ ਕਿਉ ਜੋ ਉਸਦੀ ਇਸ ਅੰਦਰੂਣੀ ਇਨਸਾਨੀਅਤ ਵਿਚ ਪਦਾਥਵਾਦ ਵਧੇਰੇ ਹਾਵੀ ਹੋ ਗਿਆ ਹੈ। ਇਸ ਆਧੁਨਿਕ ਪਦਾਰਥਵਾਦ ਦੀਆਂ ਕੁਝ ਵਿਸ਼ੇਸ਼ਤਾਵਾਂ ਕੈਲੀ ਆਪਣੇ ਬੋਲਾਂ ਵਿਚ ਸਾਧੂ ਸਿੰਘ ਅੱਗੇ ਨਸਰ ਕਰਦੀ ਹੈ।

"ਤੂਸੀਂ ਹੋਰ ਕੀ ਮੌਗਦੇ ਆਂ ? ਤੁਹਾਨੂੰ ਵਧੀਆ ਖਾਣ ਲਈ, ਵਧੀਆ ਰਹਿਣ ਲਈ, ਕੱਲਿਆਂ ਕੋਲ ਟੀ.ਵੀ. ਆ, ਪੂਰੀ ਪ੍ਰਾਈਵੇਸੀ ਆ ਹੋਰ ਕੀ ਮੰਗਦੇ ਓ ? ਪਹਿਲਾਂ ਇੱਥੇ ਆਉਣ ਲਈ ਟਿਕਟ ਲਾਇਆ। ਹੁਣ ਮੁੜਕੇ ਜਾਣ ਨੂੰ ਵੀ ਲਾਈਏ ?"2

ਪਰਵਾਸੀ ਪੰਜਾਬੀ ਲੋਕ ਮਾਨਸਿਕਤਾ ਪੱਛਮੀ ਸਮਾਜ ਦੀਆਂ ਔਰਤਾਂ ਨੂੰ ਧੋਖੇਬਾਜ਼, ਉਪਭੋਗਤਾਵਾਦੀ ਤੇ ਵੇਸ਼ਵਾ ਬਿਰਤੀ ਦੀਆਂ ਧਾਰਨੀ ਸਮਝਦੀ ਹੈ ਕਿ ਉਹ ਰਿਸ਼ਤਿਆਂ ਦਾ ਸਤਿਕਾਰ ਨਹੀਂ ਕਰਦੀਆਂ ਪਰੰਤੂ ਸਾਰਾ ਇਸ ਮਿੱਥ ਨੂੰ ਭੰਡਦਾ ਹੈ। ਪਰੰਤੂ ਵਿਚਾਰਧੀਨ ਕਹਾਣੀ ਵਿਚ ਰਿਸ਼ਤਾ ਪਰਵਾਸੀ ਪੰਜਾਬੀ ਮਰਦ ਆਪਣੀ ਅਮੀਰਸ਼ਾਹੀ ਦਾ ਢੰਡੋਰਾ ਪਿੱਟਦਿਆਂ ਆਪ ਤੋੜਦਾ ਹੈ। ਜਦਕਿ ਐਨਾ ਤੇ ਉਸਦੀ ਮਾਂ ਡੋਰਥੀ ਬਹੁਤ ਹੀ ਮਿਹਨਤੀ ਔਰਤ ਹਨ। ਰਾਜੀਵ ਨਾਲੋਂ ਰਿਸ਼ਤਾ ਟੁੱਟਣ ਉਪਰੰਤ ਐਨਾ ਉਸਦੀ ਚੈਕ-ਬੁੱਕ, ਕਰੈਡਿਟ ਕਾਰਡ, ਘਰ ਦੀ ਚਾਬੀ ਤੇ ਡਾਇਮੰਡ ਰਿੰਗ ਆਦਿ ਸਭ ਕੁਝ ਵਾਪਿਸ ਕਰਦੀ ਹੈ। ਮਿਸਟਰ ਖੰਨਾ ਦੀ ਪਦਾਰਥਵਾਦੀ ਸੋਚ ਉਸ ਸਮੇਂ ਉਂਘੜਦੀ ਹੈ ਜਦੋਂ ਉਹ ਡਾਇਮੰਡ ਰਿੰਗ ਮਿਲਣ ਦੀ ਖੁਸ਼ੀ ਜਾਹਿਰ ਕਰਦਾ ਹੈ। ਕਥਾਕਾਰ ਜਿੱਥੇ ਇੱਕ ਪਾਸੇ ਪਰਵਾਸੀ ਪੰਜਾਬੀ ਵਿਅਕਤੀ ਦੀ ਧਨ ਪ੍ਰਤੀ ਲਾਲਸਾ ਨੂੰ ਉਜਾਗਰ ਕਰਦਾ ਹੈ ਜਿਸ ਕਾਰਨ ਉਹ ਪਰਿਵਾਰਿਕ ਰਿਸ਼ਤਿਆਂ 'ਚ ਵਿਗੜ ਪੈਦਾ ਕਰਦਾ ਹੈ। ਦੂਜੇ ਪਾਸੇ ਉਹ ਪੱਛਮੀ ਸਮਾਜ ਦੇ ਚੰਗੇ ਨੈਤਿਕ ਮੁੱਲਾਂ ਨੂੰ ਵੀ ਉਭਾਰਦਾ ਹੈ ਜਿਹੜੇ ਰਿਸ਼ਤਿਆਂ ਨੂੰ ਬਣਾਈ ਰੱਖਣ ਲਈ ਯਤਨਸ਼ੀਲ ਰਹਿੰਦੇ ਹਨ। "ਕਹਾਣੀ ਦੀ ਕਲਾਤਮਿਕਤਾ ਪੂੰਜੀਵਾਦੀ ਨਿਜ਼ਾਮ ਅਧੀਨ ਰਿਸ਼ਤਿਆਂ ਦੀ ਟੁੱਟ ਭੱਜ ਅਤੇ ਮਨੁੱਖ ਵਿੱਚੋਂ ਖਾਰਜ ਹੋ ਰਹੀ ਮਨੁੱਖਤਾ ਨੂੰ ਪ੍ਰਸਤੁਤ ਕਰਦੀਆਂ, ਲੇਖਕ ਸਭ ਰਿਸ਼ਤਿਆਂ ਨੂੰ ਤਿਲਾਂਜਲੀ ਦੇ ਕੇ, ਸਵੈ ਲਈ ਜਿਉਂ ਰਹੇ ਮਨੁੱਖ ਨੂੰ ਆਪਣੀ ਕਹਾਣੀ ਦਾ ਸੰਚਾਰ ਬਿੰਬ ਬਣਾਉਂਦਾ ਹੈ"।3

ਕਹਾਣੀ 'ਮਤ੍ਰੇਈ ਮਾਂ ਸਕੇਂ ਪੁੱਤਰ' ਪਰਵਾਸੀ ਪੰਜਾਬੀਆਂ ਨਾਲ ਹੁੰਦੇ ਨਸਲੀ ਵਿਤਕਰੇ ਤੇ ਅਮਰੀਕਾ ਦੀਆਂ ਮਾਨਵ ਵਿਰੋਧੀ ਨੀਤੀਆਂ ਨੂੰ ਵਿਅੰਗਾਤਮਿਕ ਰੂਪ ਵਿੱਚ ਪ੍ਰਗਟਾਉਂਦਾ ਹੈ। ਪਰਵਾਸੀ ਪੰਜਾਬੀ ਹਮੇਸ਼ਾ ਆਪਣੇ ਵਤਨ ਨੂੰ ਭੰਡਦੇ ਰਹਿੰਦੇ ਹਨ ਕਿ ਇਸ ਨੇ ਉਨ੍ਹਾਂ ਨੂੰ ਕੁੱਝ ਨਹੀਂ ਦਿੱਤਾ ਜਦੋਂ ਕਿ ਉਹ ਆਪਣੇ ਦੇਸ਼ ਦੇ ਸਾਧਨ ਵਰਤ ਕੇ ਹੀ ਕਿਸੇ ਕਾਰਜ ਦੇ ਯੋਗ ਹੁੰਦੇ ਹਨ ਜਾਂ ਜਦੋਂ ਉਨ੍ਹਾਂ ਦਾ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦਾ ਸਮਾਂ ਆਉਂਦਾ ਹੈ ਤਾਂ ਉਸ ਵਕਤ ਪਰਵਾਸ ਧਾਰਦੇ ਵਿਅਕਤੀ ਹੀ ਦੇਸ਼ ਨੂੰ ਵਧੇਰੇ ਭੰਡਦੇ ਹਨ। ਦੂਸਰੇ ਪਾਸੇ ਉਹ ਵਿਦੇਸ਼ੀ ਮੁਲਕਾਂ ਦੀਆਂ ਸਿਫਤਾਂ ਕਰਦੇ ਰਹਿੰਦੇ ਹਨ। ਇਸੇ ਰਾਜਨੀਤਿਕ ਚੇਤਨਾ ਤਹਿਤ ਪੰਜਾਬ ਦਾ ਮੱਧ ਵਰਗ ਪਰਵਾਸ ਧਾਰਨ ਨੂੰ ਪ੍ਰਮੁੱਖਤਾ ਦਿੰਦਾ ਹੈ। ਪਰੰਤੂ ਪੱਛਮੀ ਸਮਾਜ ਦੇ ਮੂਲ ਵਾਸੀ ਉਨ੍ਹਾਂ ਨਾਲ ਨਸਲੀ ਵਿਤਕਰਾ ਕਰਦੇ ਹੋਏ ਆਪਣੀ ਬੇਰੁਜ਼ਗਾਰੀ ਦਾ ਕਾਰਨ ਪਰਵਾਸੀਆਂ ਨੂੰ ਸਮਝਦੇ ਹਨ। ਸਾਰਾ ਪਰਵਾਸੀਆਂ ਨਾਲ ਹੁੰਦੇ ਅਜਿਹੇ ਵਿਵਹਾਰ ਨੂੰ ਯਥਾਰਥਕ ਰੂਪ ਵਿਚ ਉਭਾਰਦਾ ਹੈ ਕਿ ਵਾਸਤਵ ਵਿਚ ਉਹ ਖੁਦ ਨੂੰ ਪਰਾਏ ਦੇਸ ਦੇ ਵਾਸੀ ਕਹਾਉਣ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ। ਕਹਾਣੀਕਾਰ ਉਹਨਾਂ ਦੀ ਆਪਣੇ ਦੇਸ਼ ਪ੍ਰਤੀ ਅਪਣਾਈ ਨਕਾਰਾਤਮਿਕ ਸੋਚ ਅਤੇ ਉਥੋਂ ਦੇ ਮੂਲਵਾਸੀਆਂ ਦੇ ਘ੍ਰਿਣਤ ਵਿਵਹਾਰ ਨੂੰ ਪਾਤਰਾਂ ਦੇ ਆਪਸੀ ਸੰਵਾਦ ਦੁਆਰਾ ਉਘਾੜਦਾ ਹੈ :

> "ਆਹ ਕਰੋ ਖਾਂ ਆਪਣੀ ਮਤ੍ਰੇਈ ਮਾਂ ਦੇ ਸਕੇ ਪੁੱਤਰਾਂ ਨਾਲ ਗੱਲ, ਹੁਣ ਚੁੱਪ ਕਿਉਂ ਬੈਠੇ ਜੇ?"4

ਕਥਾਕਾਰ ਅਮਰੀਕੀ ਸਮਾਜ ਦੀਆਂ ਰਾਜਨੀਤਕ ਕੁਚਾਲਾਂ ਨੂੰ ਉਘਾੜਦਾ ਹੈ ਜਿਸ ਤਹਿਤ ਉਹ ਵਿਕਾਸਸ਼ੀਲ ਦੇਸ਼ ਦੇ ਵਿਕਾਸ ਨੂੰ ਸਹਿਣ ਨਹੀਂ ਕਰਦਾ। ਕਿਵੇਂ ਉਹ ਅਜਿਹੇ ਮੁਲਕਾਂ ਵਿਚਕਾਰ ਯੁੱਧ ਦਾ ਵਾਤਾਵਰਨ ਸਿਰਜਦਾ ਹੈ ਤਾਂ ਜੋ ਲੜਨ ਵਾਲੇ ਦੋਵੇਂ ਮੁਲਕਾਂ ਨੂੰ ਆਪਣੇ ਹਥਿਆਰ ਵੇਚ ਸਕੇ। ਕਥਾਕਾਰ ਉਸਦੇ ਮਾਨਵਤਾ ਪਾੱਖੀ 'ਅਖੋਤੀ ਚਿਹਰੇ' ਨੂੰ ਬੇਨਕਾਬ ਕਰਤੇ ਉਸ ਦੀਆਂ ਮਾਨਵ ਵਿਰੋਧੀ ਨੀਤੀਆਂ ਨੂੰ ਬੜੀ ਸਿੱਧਤ ਨਾਲ ਉਭਾਰਦਾ ਹੈ। ਉਹ ਇਕ ਪਾਸੇ ਵਿਸ਼ਵ ਪੱਧਰ 'ਤੇ ਮਨੁੱਖੀ ਏਕਤਾ ਦਾ ਢੰਗ ਰਚਦਾ ਹੈ ਅਤੇ ਦੂਸਰੇ ਪਾਸੇ ਉਨ੍ਹਾਂ ਦੀ ਲੁੱਟ-ਖਸੁੱਟ ਕਰਨ ਲਈ ਨਿਰੰਤਰ ਯਤਨਸ਼ੀਲ ਹੈ। ਸਾਰਾ ਇਸ ਕਹਾਣੀ ਦੁਆਰਾ ਇਕ ਮੁਲਕ ਦੇ ਦੂਸਰੇ ਮੁਲਕਾਂ ਨਾਲ ਸੰਬੰਧਾਂ ਪਿੱਛੇ ਕਾਰਜ ਕਰਦਿਆਂ ਲੋਟੂ ਆਰਥਿਕ ਤੇ ਰਾਜਨੀਤਕ ਨੀਤੀਆਂ ਨੂੰ ਆਪਣੇ ਪਾਤਰਾਂ ਦੇ ਸਮਾਂ ਦੁਆਰਾ ਪ੍ਰਗਟਾਉਂਦਾ ਹੈ:

> "... ਅੱਛਾ! ਜੀ ਅਮਰੀਕਾ ਕਿਸੇ ਮੁਲਕ ਵਿਚ ਫੌਜਾਂ ਜਾਂ ਵੀ ਬਿਠਾਲੇ ਤਾਂ ਉਹ ਜਾਇਜ਼ ਹੈ ਪਰ ਜੇ ਕੋਈ ਹੋਰ ਮੁਲਕ ਇਸ ਤਰ੍ਹਾਂ ਕਰੇ ਤਾਂ ਉਹ ਨਜ਼ਾਇਜ਼ ਆ..ਹੈਂਅ?"5

ਸਾਰਾ ਪੱਛਮੀ ਸਮਾਜ ਦੇ ਚੰਗੇ ਨੈਤਿਕ ਮੁੱਲਾਂ ਨੂੰ ਵੀ ਉਘਾੜਦਾ ਹੈ। ਇਸ ਸਮਾਜ ਵਿਚ ਅਜਿਹੇ ਜੋੜੇਂ ਵੀ ਮਿਲਦੇ ਹਨ ਜਿਹੜੇ ਇਕ ਦੂਜੇ ਤੋਂ ਆਪਾ ਕੁਰਬਾਨ ਕਰਦੇ ਹੋਏ ਆਪਣੇ ਰਿਸ਼ਤੇ ਨੂੰ ਬਣਾਈ ਰੱਖਣ ਲਈ ਜਿੰਦਗੀ ਦੀ ਸਾਰੀ ਪੂੰਜੀ ਲਗਾ ਦਿੰਦੇ ਹਨ। ਸਾਰਾ ਦੀਆਂ ਕਹਾਣੀਆਂ ਨਾਲ ਇਹ ਗੱਲ ਵੀ ਸਾਬਤ ਹੁੰਦੀ ਹੈ ਕਿ ਕੇਵਲ ਪੂੰਜੀ ਦੇ ਦਖਲ ਨਾਲ ਸਾਰੇ ਰਿਸ਼ਤੇ ਧੁੰਦਲੇ ਜਾਂ ਦੂਸ਼ਿਤ ਨਹੀਂ ਹੁੰਦੇ ਸਗੋਂ ਜਿੱਥੇ ਪੂੰਜੀਵਾਦ ਬੀਮਾਰ ਰੂਪ ਵਿਚ ਪੇਸ਼ ਹੋਇਆ ਹੈ ਉਥੇ ਰਿਸ਼ਤੇ ਵੀ ਬਿਮਾਰ ਹੋ ਗਏ ਹਨ।

ਅਮਨਪਾਲ ਸਾਰਾ ਆ ਆਪਣੀਆਂ ਕਹਾਣੀਆਂ ਦੇ ਮਾਧਿਅਮ ਰਾਹੀਂ ਪਰਵਾਸੀਆਂ ਤੇ ਮੂਲਵਾਸੀਆਂ ਨੂੰ ਆਪਣੇ ਪਰਿਵਾਰਕ ਤੇ ਨਜ਼ਦੀਕੀ ਰਿਸ਼ਤਿਆਂ ਪ੍ਰਤੀ ਮਾਨਵੀ ਦ੍ਰਿਸ਼ਟੀ ਆਪਣਾਉਣ ਲਈ ਪ੍ਰੇਰਦਾ ਹੈ। ਉਹ ਆਪਣੇ ਇਸਤਰੀ ਪਾਤਰਾਂ ਨੂੰ ਭਾਵੁਕਤਾ ਤੋਂ ਸੁਚੇਤ ਕਰਦਾ ਹੋਇਆ ਰਿਸ਼ਤਿਆਂ ਨੂੰ ਪਲੀਤ ਕਰਨ ਵਾਲੇ ਮਰਦਾਂ ਵਿਰੁੱਧ ਆਵਾਜ਼ ਉਠਾਉਣ ਲਈ ਚੇਤੰਨ ਕਰਦਾ ਹੈ। ਉਹ

ਆਧੁਨਿਕ ਮਨੁੱਖ ਨੂੰ ਰਿਸ਼ਤਿਆਂ ਦੀ ਮਹੱਤਤਾ ਦਰਸਾਉਂਦਾ ਹੋਇਆ ਇਨ੍ਹਾਂ ਵਿਚਲੇ ਮੋਹ, ਪਿਆਰ ਤੇ ਨਿੱਘ ਨੂੰ ਬਰਕਰਾਰ ਰੱਖਣ ਦਾ ਸੁਨੇਹਾ ਦਿੰਦਾ ਹੈ।

**ਹਵਾਲੇ ਤੇ ਟਿੱਪਣੀਆਂ**

1. ਅਮਨਪਾਲ ਸਾਰਾ, ਸਰਦ ਰਿਸ਼ਤੇ, ਕੋਆਪਰੇਟਿਵ ਪਬਲੀਕੇਸ਼ਨ, ਲੁਧਿਆਣਾ, 1993, ਪੰਨਾ -7.
2. ਅਮਨਪਾਲ ਸਾਰਾ, ਡਾਇਮੰਡ ਰਿੰਗ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2006, ਪੰਨਾ -16.
3. ਮਨਦੀਪ ਕੌਰ (ਡਾ.), "ਕਨੇਡਾ ਦੀ ਕਲਾਤਮਕ ਪ੍ਰਤੱਖਣ ਅਤੇ ਸੰਚਾਰ", ਕਹਾਣੀ ਧਾਰਾ, ਅੰਕ 42, (ਕਨੇਡੀਅਨ ਪੰਜਾਬੀ ਕਹਾਣੀ ਤੇ ਸਾਹਿਤ ਵਿਸ਼ੇਸ਼ ਅੰਕ), (ਜੁਲਾਈ-ਸਤੰਬਰ 2016), ਪੰਨਾ -54.
4. ਅਮਨਪਾਲ ਸਾਰਾ, ਸਰਦ ਰਿਸ਼ਤੇ, ਉਹੀ, ਪੰਨਾ-42.
5. ਉਹੀ,